ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ, ਗੁਰਪ੍ਰੀਤ ਕੌਰ, ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਪੰਜਾਬੀ ਸਾਹਿਤ ਦੇ ਵਿਸ਼ੇ ਨਾਲ ਸੰਬੰਧਿਤ ਪਾਠ-10 'ਸੱਪ ਦੀ ਛਾਂ' ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਹ ਪਾਠ ਤੁਹਾਡੀ ਪਾਠ-ਪੁਸਤਕ- "ਕਿੱਕਲੀ" ਦੇ ਪੰਨਾ ਨੰਬਰ- 51 ਉੱਤੇ ਦਰਜ ਹੈ। ਜੇ ਸਾਰੇ ਵਿਦਿਆਰਥੀ ਤਿਆਰ ਹਨ, ਤਾਂ ਆਓ ਪੜ੍ਹਨਾ ਸ਼ੁਰੂ ਕਰਦੇ ਹਾਂ।

**ਇਸ ਪਾਠ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਬਾਲ ਅਵਸਥਾ ਦਾ ਵਰਨਨ ਕੀਤਾ ਗਿਆ ਹੈ। ਅਸਲ ਵਿੱਚ ਗੁਰੂ ਜੀ ਬਾਲ ਅਵਸਥਾ ਤੋਂ ਹੀ ਪ੍ਰਭੂ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ। ਉਨ੍ਹਾਂ ਨੂੰ ਦੀਨ-ਦੁਨੀਆਂ ਬਾਰੇ ਕੁਝ ਨਹੀਂ ਸੀ ਪਤਾ।**

ਬਾਲ ਨਾਨਕ ਬਚਪਨ ਤੋਂ ਹੀ ਪ੍ਰਭੂ ਦੇ ਸੱਚੇ ਭਗਤ ਸਨ। ਉਨ੍ਹਾਂ ਦਾ ਕਿਸੇ ਵੀ ਕੰਮ ਵਿੱਚ ਦਿਲ ਨਹੀਂ ਸੀ ਲਗਦਾ। ਉਹ ਹਰ ਵੇਲੇ ਪ੍ਰਭੂ-ਭਗਤੀ ਵਿੱਚ ਲੀਨ ਰਹਿੰਦੇ ਸਨ।

ਇੱਕ ਦਿਨ ਪਿਤਾ ਨੇ ਕਿਹਾ, ਬੇਟਾ ਨਾਨਕ, ਤੁਸੀਂ ਖੇਤਾਂ ਵਿੱਚ ਜਾ ਕੇ ਮੱਝਾਂ ਹੀ ਚਾਰ ਆਇਆ ਕਰੋ।



"ਜੀ ਪਿਤਾ ਜੀ"। ਬਾਲਕ ਨਾਨਕ ਬੋਲੇ।

ਇੱਕ ਦਿਨ ਉਹ ਖੇਤਾਂ ਵਿੱਚ ਮੱਝਾਂ ਚਾਰ ਰਹੇ ਸਨ। ਉਹ ਆਪ ਵੀ ਪ੍ਰਭੂ ਭਗਤੀ ਕਰਨ ਲੱਗੇ। ਪਤਾ ਹੀ ਨਾ ਲੱਗਾ, ਕਦੋਂ ਆਪ ਦੀ ਬਿਰਤੀ ਪ੍ਰਭੂ ਦੇ ਚਰਨਾਂ ਵਿੱਚ ਲੱਗ ਗਈ। ਮੱਝਾਂ ਦੂਸਰਿਆਂ ਦੇ ਖੇਤਾਂ ਵਿੱਚ ਜਾ ਵੜੀਆਂ। ਮੱਝਾਂ ਨੇ ਖੇਤਾਂ ਦਾ ਕਾਫ਼ੀ ਉਜਾੜਾ ਕਰ ਦਿੱਤਾ।

Tender Heart High School Class- V (Punjabi)

Chapter-10 Gurpreet Kaur


Last page-(2)

ਤਿੱਖੜ ਦੁਪਹਿਰਾ ਸੀ। ਗਰਮੀਆਂ ਦੀ ਧੁੱਪ ਪੂਰੇ ਜੋਬਨ ਵਿੱਚ ਸੀ। ਆਪ ਖੇਤਾਂ ਵਿੱਚ ਲੇਟੇ ਹੋਏ ਸਨ। ਆਪ ਨੂੰ ਧੁੱਪ-ਗਰਮੀ ਦੇ ਬਾਰੇ ਕੁਝ ਵੀ ਪਤਾ ਨਹੀਂ ਸੀ। ਅਚਾਨਕ ਇੱਕ ਕਾਲ਼ਾ ਸੱਪ ਉਥੋਂ ਨਿਕਲਿਆ। ਉਸ ਨੇ ਆਪਣਾ ਫੰਨ੍ਹ ਆ ਕੇ ਬਾਲ-ਨਾਨਕ ਉੱਪਰ ਖਿਲਾਰ ਦਿੱਤਾ। ਉਸ ਦੇ ਫੰਨ੍ਹ ਨਾਲ ਬਾਲ ਨਾਨਕ ਨੂੰ ਛਾਂ ਹੋ ਗਈ।

ਜਦੋਂ ਆਪ ਦੀ ਬਿਰਤੀ ਟੁੱਟੀ, ਮੱਝਾਂ ਦੂਜਿਆਂ ਦੇ ਖੇਤਾਂ ਵਿੱਚ ਚਰ ਰਹੀਆਂ ਸਨ। ਆਪ ਨੇ



ਰੇਖਾਂਕਿਤ ਸ਼ਬਦ (Underline words) ਨੂੰ ਆਪਣੀਆਂ ਕਾਪੀਆਂ ਵਿੱਚ ਲਿਖੋ ਅਤੇ ਯਾਦ ਕਰੋ। ਆਓ, ਹੁਣ ਅੱਗੇ ਪੜ੍ਹਦੇ ਹਾਂ।



ਖੇਤਾਂ ਤੇ ਆਪਣੀ ਦ੍ਰਿਸ਼ਟੀ ਪਾਈ। ਖੇਤ ਲਹਿ-ਲਹਿ ਕਰਨ ਲੱਗੇ। ਮੱਝਾਂ ਆਪ ਦੇ ਦੁਆਲ਼ੇ ਆ ਕੇ ਬਹਿ ਗਈਆਂ। ਜਦੋਂ ਸੱਪ ਨੇ ਦੇਖਿਆ ਬਾਲ ਨਾਨਕ ਦੀ ਬਿਰਤੀ ਟੁੱਟ ਚੁੱਕੀ ਹੈ, ਉਹ ਚੁੱਪ ਚੁਪੀਤਾ ਆਪਣੀ ਖੁੱਡ ਵਿੱਚ ਜਾ ਵੜਿਆ।

ਸੱਚ ਹੀ ਕਹਿੰਦੇ ਹਨ, ਜਿਹੜੇ ਪ੍ਰਭੂ ਦੇ ਪਿਆਰੇ ਹੁੰਦੇ ਹਨ, ਉਨ੍ਹਾਂ ਨੂੰ ਕੋਈ-ਤਕਲੀਫ਼ ਸਤਾ ਨਹੀਂ ਸਕਦੀ।

ਇਸ ਪਾਠ ਦੇ ਔਖੇ ਸ਼ਬਦ ਅਤੇ ਸ਼ਬਦ- ਅਰਥ ਕਾਪੀਆਂ ਵਿੱਚ ਲਿਖੋ ਅਤੇ ਯਾਦ ਕਰੋ।

ਧੰਨਵਾਦ।